ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-2 ਸਾਖਾ)

DM.-MIS
DGSE

ਹੁਕਮ

ਸਰਕਾਰ ਵੱਲੋ ਜਾਰੀ ਹੁਕਮ ਨੰ 12/46/2014-5ਸਿ2/ 4360-69 ਮਿਤੀ 31.03.2015 ਰਾਂਹੀ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਮਾਸਟਰ/ ਮਿਸਟ੍ਰੈਸ ਕਾਡਰ ਦੇ ਕਰਮਚਾਰੀਆ ਨੂੰ ਬਤੌਰ ਮੁੱਖ ਅਧਿਆਪਕ/ ਮੁੱਖ ਅਧਿਆਪਕਾ ਪੱਦ ਉਨਤ ਕੀਤਾ ਗਿਆ ਸੀ। ਇਨ੍ਹਾਂ ਹੁਕਮਾ ਵਿੱਚ ਸ਼੍ਰੀ ਕਪੂਰ ਸਿੰਘ ਦੀ ਵੀ ਹੈਡ ਮਾਸਟਰ ਪੱਦ ਉਨਤੀ ਹੋਈ ਸੀ। ਇਹ ਕਰਮਚਾਰੀ ਮਿਤੀ 31.03.2015 ਨੂੰ ਹੀ ਰਿਟਾਇਰਡ ਹੋ ਗਿਆ ਹੈ।

2. ਤਰੱਕੀ ਕੀਤੇ ਗਏ ਕਰਮਚਾਰੀਆ ਜਿਨ੍ਹਾਂ ਦੀ ਗਿਣਤੀ 665 ਸੀ। ਉਨ੍ਹਾਂ ਵਿੱਚੋ ਕੁੱਝ ਕਰਮਚਾਰੀਆ ਨੂੰ ਤਰੱਕੀ ਲੈਣ ਤੋਂ ਲਿੱਖਤੀ ਇਨਕਾਰ ਕਰ ਦਿੱਤਾ ਸੀ। ਜਿਸ ਦੇ ਸਨਮੁੱਖ ਡੀਪੀਆਈ (ਸੈਸਿ) ਪੰਜਾਬ ਵੱਲੋ ਪ੍ਰਾਪਤ ਸੂਚਨਾ ਅਨੁਸਾਰ 85 ਕਰਮਚਾਰੀ ਨੂੰ ਦੋ ਸਾਲ ਲਈ ਮੁੱਖ ਅਧਿਆਪਕ ਦੀ ਤੱਰਕੀ ਤੋਂ ਡੀ-ਬਾਰ ਕਰਨ ਸਬੰਧੀ ਹੁਕਮ 12/46/2015-5ਸਿ2/ਪਾ.ਫਾ/ 501615 ਮਿਤੀ 05.06.2015 ਰਾਂਹੀ ਜਾਰੀ ਕਰ ਦਿੱਤੇ ਗਏ ਸਨ।

3. ਇਨ੍ਹਾ ਹੁਕਮਾ ਵਿੱਚ ਸ਼੍ਰੀ ਕਪੂਰ ਸਿੰਘ ਐਸ.ਐਸ ਮਾਸਟਰ ਸਸਸਸ(ਲ) ਕਪੂਰਥਲਾ ਨੂੰ ਵੀ ਲੜੀ ਨੰਬਰ 51 ਰਾਂਹੀ ਡੀ-ਬਾਰ ਕਰ ਦਿੱਤਾ ਗਿਆ ਸੀ। ਜਿਲ੍ਹਾ ਸਿੱਖਿਆ ਅਫਸਰ (ਸੈਸਿ) ਕਪੂਰਥਲਾ ਵੱਲੋ ਪ੍ਰਾਪਤ ਪੱਤਰ ਨੰਬਰ ਅ-5/2015-922-25 ਮਿਤੀ 04.08.2015 ਅਤੇ ਸ਼੍ਰੀ ਕਪੂਰ ਸਿੰਘ ਵੱਲੋ ਪ੍ਰਾਪਤ ਪ੍ਰਤੀ ਬੇਨਤੀ ਮਿਤੀ 08.07.2015 ਦੇ ਸਨਮੁੱਖ ਸਰਕਾਰ ਵੱਲੋ ਜਾਰੀ ਹੁਕਮ 12/46/2015-5ਸਿ2/ਪਾ.ਫਾ/ 501615 ਮਿਤੀ 05.06.2015 ਦੇ ਲੜੀ ਨੰਬਰ 51 ਅਨੁਸਾਰ ਸ਼੍ਰੀ ਕਪੂਰ ਸਿੰਘ ਨੂੰ ਦੋ ਸਾਲ ਲਈ ਡੀ-ਬਾਰ ਕਰਨ ਬਾਰੇ ਜਾਰੀ ਹੁਕਮ ਰੱਦ ਕਰਦੇ ਹੋਏ ਇਹ ਹੁਕਮ ਵਾਪਿਸ ਲਏ ਜਾਂਦੇ ਹਨ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਸੀ.ਰਾਉਲ, ਆਈ.ਏ.ਐਸ**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:
12.08.2015

ਪਿ:ਅੰ.ਨੰ: 12/46/2014-5ਸਿ2/ਪਾ.ਫਾ/ 567032/2 ਮਿਤੀ, ਚੰਡੀਗੜ੍ਹ: 19/8/15

ਇਸ ਦਾ ਇੱਕ ਉਤਾਰਾ ਹੇਠ ਲਿੱਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਨੂੰ ਭੇਜਦੇ ਹੋਏ ਲਿੱਖਿਆ ਜਾਂਦਾ ਹੈ ਕਿ ਸ਼੍ਰੀ ਕਪੂਰ ਸਿੰਘ ਐਸ.ਐਸ ਮਾਸਟਰ ਸਸਸਸ (ਲ) ਕਪੂਰਥਲਾ ਨੂੰ ਡੀ-ਬਾਰ ਕਰਨ ਦੀ ਸੂਚਨਾਂ ਸਰਕਾਰ ਨੂੰ ਕਿਸ ਆਧਾਰ ਤੇ ਭੇਜੀ ਗਈ ਹੈ, ਇਸ ਬਾਰੇ ਸਪਸ਼ਟ ਕੀਤੀ ਜਾਵੇ ਕਿ ਕਰਮਚਾਰੀ ਵੱਲੋਂ ਲਿੱਖਤੀ ਰੂਪ ਵਿੱਚ ਇਨਕਾਰੀ ਪ੍ਰਾਪਤ ਹੋਈ ਹੈ ਜਾਂ ਨਹੀ। ਜੇਕਰ ਇਸ ਕਰਮਚਾਰੀ ਵੱਲੋ ਲਿੱਖਤੀ ਪ੍ਰਤੀ ਬੇਨਤੀ ਪ੍ਰਾਪਤ ਨਹੀ ਹੋਈ ਤਾਂ ਇਸ ਕਰਮਚਾਰੀ ਦਾ ਨਾਮ ਡੀ-ਬਾਰ ਕਰਨ ਵਾਲੀ ਲਿਸਟ ਵਿੱਚ ਕਿਉ ਸ਼ਾਮਲ ਕੀਤਾ ਗਿਆ ਹੈ। ਕਸੂਰਵਾਰ ਕਰਮਚਾਰੀ/ ਅਧਿਕਾਰੀ ਵਿੱਰੁਧ ਬਣਦੀ ਕਾਰਵਾਈ ਕੀਤੀ ਜਾਵੇ, ਕੀਤੀ ਗਈ ਕਾਰਵਾਈ ਬਾਰੇ ਸਰਕਾਰ ਨੂੰ ਵੀ ਤੁਰੰਤ ਜਾਣੂ ਕਰਵਾਇਆ ਜਾਵੇ।ਮੰਗੀ ਗਈ ਸੂਚਨਾਂ ਸਰਕਾਰ ਨੂੰ 5 ਦਿਨਾਂ ਦੇ ਅੰਦਰ-2 ਭੇਜੀ ਜਾਵੇ।
2) ਡੀਜੀਐਸਈ, ਪੰਜਾਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾ ਨੂੰ ਸਿੱਖਿਆ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।
3) ਮੰਡਲ ਸਿੱਖਿਆ ਅਫਸਰ, ਜਲੰਧਰ।
4) ਜਿਲ੍ਹਾ ਸਿੱਖਿਆ ਅਫਸਰ (ਸੈਸਿ), ਕਪੂਰਥਲਾ ਨੂੰ ਲਿੱਖਿਆ ਜਾਂਦਾ ਹੈ ਕਿ ਸ਼੍ਰੀ ਕਪੂਰ ਸਿੰਘ ਹੈਡ ਮਾਸਟਰ ਨੂੰ ਆਪਣੇ ਪੱਧਰ ਤੇ ਸਟੇਸਨ ਅਲਾਟ ਕਰਦੇ ਹੋਏ ਇਸ ਨੂੰ ਬਣਦੇ ਵਿੱਤੀ ਲਾਭ 10 ਦਿਨਾਂ ਦੇ ਅੰਦਰ-2 ਜਾਰੀ ਕਰਕੇ ਸਰਕਾਰ ਨੂੰ ਸੂਚਨਾ ਭੇਜੀ ਜਾਵੇ, ਦੇਰੀ ਸਬੰਧੀ ਨਿਰੋਲ ਜਿੰਮੇਵਾਰੀ ਆਪਦੀ ਹੋਵਗੀ।

ਰਜਿ 5) ਸ਼੍ਰੀ ਕਪੂਰ ਸਿੰਘ ਰਿਟਾਇਰਡ ਹੈਡ ਮਾਸਟਰ ਪੁੱਤਰ ਸ਼੍ਰੀ ਉਜਾਗਰ ਸਿੰਘ, 141-6, ਮੁੱਹਬਤ ਨਗਰ, ਕਪੂਰਥਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

19/8/15
/ ਸੁਪਰਡੰਟ

ਕਾਪੀ:

1. ਨਿੱ.ਸ./ ਪ੍ਰਿੰਸਸਸ।
2. ਪੀ.ਏ./ਸਪੈ.ਸਸਸ।
3. ਰਿਕਾਰਡਰ ਸਿੱਖਿਆ-2 ਸਾਖਾ

30091 21/8/15